Maharaja Ranjit Singh Punjab Technical University
Dabwali Road, Bathinda -151001
(Estb. by Govt. of Punjab vide Act No. 5 [2015] and u/s 2(f) and 12 B of UGC Act, 1956)
ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਡੱਬਵਾਲੀ ਰੋਡ, ਬਠਿੰਡਾ।

**Ref. No. 951** **Dated. 31st March, 2020**

# ਦਫਤਰੀ ਹੁਕਮ

ਯੂਨੀਵਰਸਿਟੀ ਦੇ ਦਫਤਰੀ ਹੁਕਮ ਨੰਬਰ 897 ਮਿਤੀ 15-03-2020 ਅਤੇ 938 ਮਿਤੀ 20-03-2020 ਦੀ ਲਗਾਤਾਰਤਾ ਵਿੱਚ ਸਮੂਹ ਅਧਿਕਾਰੀਆਂ/ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਕਰੋਨਾ ਵਾਇਰਸ (COVID 19) ਦੀ ਮਹਾਮਾਰੀ ਦੇ ਖਤਰੇ ਕਾਰਨ ਚੱਲ ਰਹੀ ਸਥਿਤੀ ਦੇ ਸੰਦਰਭ ਵਿੱਚ ਕਰਫਿਊ ਦੀ ਮਿਆਦ ਵਿੱਚ ਮਿਤੀ 14-04-2020 ਤੱਕ ਦਾ ਵਾਧਾ ਕੀਤਾ ਗਿਆ। ਇਸ ਲਈ ਯੂਨੀਵਰਸਿਟੀ ਦੇ ਮੇਨ ਕੈਂਪਸ, ਕੰਸਟੀਚਿਊਟ ਅਤੇ ਐਫੀਲੇਟਿਡ ਕਾਲਜ ਮਿਤੀ 14-04-2020 ਤੱਕ ਬੰਦ ਰਹਿਣਗੇ।

ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਅਤੀ ਜਰੂਰੀ ਸੇਵਾਵਾਂ, ਪਹਿਲਾਂ ਤੋਂ ਨਿਰਧਾਰਤ ਕੰਮ, ਘਰ ਤੋਂ ਕੀਤੇ ਜਾ ਸਕਣ ਵਾਲੇ ਤੇ ਹੋਰ ਆਨਲਾਇਨ (Online) ਕੰਮ ਕੀਤੇ ਜਾ ਸਕਦੇ ਹਨ। ਸਮੂਹ ਅਧਿਕਾਰੀ/ਕਰਮਚਾਰੀ ਆਪਣੇ ਪੋਸਟਿੰਗ ਵਾਲੇ ਸਟੇਸ਼ਨ ਤੇ ਉਪਲਬੱਧ ਰਹਿਣਗੇ। ਯੂਨੀਵਰਸਿਟੀ ਦੇ ਅਧਿਆਪਨ ਅਤੇ ਗੈਰ-ਅਧਿਆਪਨ ਵਿਭਾਗਾਂ ਦੇ ਮੁੱਖੀ ਪੂਰੀ ਇਹਤਿਆਤ ਰੱਖਦੇ ਹੋਏ ਲੋੜ ਪੈਣ ਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਬੁਲਾ ਸਕਦੇ ਹਨ।

ਯੂਨੀਵਰਸਿਟੀ ਦੇ ਕੰਸਟੀਚਿਊਟ ਤੇ ਐਫੀਲੇਟਿਡ ਕਾਲਜਾਂ ਦੇ ਡਾਇਰੈਕਟਰ/ਪ੍ਰਿੰਸੀਪਲ ਅਤੇ ਮੇਨ ਕੈਂਪਸ ਦੇ ਅਧਿਆਪਨ ਵਿਭਾਗਾਂ ਦੇ ਮੁੱਖੀ ਵਿਦਿਆਰਥੀਆਂ ਨੂੰ ਆਨਲਾਇਨ (Online) ਸਟੱਡੀ ਮਟੀਰੀਅਲ (Study Material) ਲਈ ਲਿੰਕਸ ਆਦਿ ਮੁਹੱਈਆ ਕਰਾਉਣਾ ਯਕੀਨੀ ਬਣਾਉਣਗੇ।

ਸਮੂਹ ਸਬੰਧਤ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਰਜਿਸਟਰਾਰ

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਪੀ.ਏ.-ਟੂ-ਉਪ-ਕੁਲਪਤੀ: ਮਾਣਯੋਗ ਉਪ-ਕੁਲਪਤੀ ਜੀ ਦੀ ਜਾਣਕਾਰੀ ਹਿੱਤ।
2. ਡੀਨ:- ਅਕਾਦਮਿਕ ਮਾਮਲੇ, ਆਰ. ਐਂਡ ਡੀ., ਵਿਦਿਆਰਥੀ ਮਾਮਲੇ, ਪਲਾਨਿੰਗ ਐਂਡ ਡਿਵੈਲਪਮੈਂਟ, ਡਿਸਟੈਂਸ ਐਜੂਕੇਸ਼ਨ ਪ੍ਰੋਗਰਾਮ ਅਤੇ ਕੰਨਸਲਟੈਂਸੀ ਤੇ ਇੰਡਸਟਰੀ ਲਿੰਕੇਜ.।
3. ਕੈਂਪਸ ਡਾਇਰੈਕਟਰ, ਜੀ.ਜ਼ੈਡ.ਐਸ.ਸੀ.ਸੀ.ਈ.ਟੀ. (ਅਧੀਨ ਵਿਭਾਗਾਂ ਨੂੰ ਵੀ ਸੂਚਿਤ ਕਰਨ ਹਿੱਤ)।
4. **ਡਾਇਰੈਕਟਰ:** ਕਾਲਜ ਡਿਵੈਲਪਮੈਂਟ ਕੌਂਸ਼ਲ (ਐਫੀਲੇਟਿਡ ਕਾਲਜਾਂ ਨੂੰ ਸੂਚਿਤ ਕਰਨ ਹਿੱਤ)।
   ਆਈ.ਟੀ. ਇਨੇਬਲਡ ਸਰਵਿਸ (ਯੂਨੀਵਰਸਿਟੀ ਦੀ ਵੈਬਸਾਈਟ ਤੇ ਅਪਲੋਡ ਹਿੱਤ)।
   ਆਈ.ਕਿਊ.ਏ.ਸੀ., ਸਪੋਰਟਸ ਤੇ ਯੁਵਾ ਭਲਾਈ, ਟ੍ਰੇਨਿੰਗ ਤੇ ਪਲੇਸਮੈਂਟ ਅਤੇ ਲੋਕ ਸੰਪਰਕ।
   **ਪੀ.ਆਈ.ਟੀ:**, ਨੰਦਗੜ੍ਹ, ਜੀ.ਟੀ.ਬੀ. ਗੜ੍ਹ, ਰਾਜਪੁਰਾ ਅਤੇ ਅਰਨੀਵਾਲਾ, PSAEC ਪਟਿਆਲਾ।
5. ਕੰਟਰੋਲਰ ਪ੍ਰੀਖਿਆਵਾਂ ਅਤੇ ਚੀਫ ਵਾਰਡਨ।
6. **ਮੁਖੀ:** ਯੂਨੀਵਰਸਿਟੀ ਵਿਭਾਗ:- ਫਿਜਿਕਸ, ਆਰਕੀਟੈਕਚਰ, ਕੈਮਿਸਟਰੀ, ਮੈਥ, ਫਾਰਮਾਸਿਊਟੀਕਲ ਸਾਇੰਸ ਐਂਡ ਟੈਕਨੋਲੋਜੀ, ਫੂਡ ਸਾਇੰਸ ਐਂਡ ਟੈਕਨੋਲੋਜੀ, ਕੰਪਿਊਟੇਸ਼ਨਲ ਸਾਇੰਸ ਅਤੇ ਯੂਨੀਵਰਸਿਟੀ ਬਿਜਨਿਸ ਸਕੂਲ।
7. **ਇੰਚਾਰਜ:** ਸਕਿਊਰਿਟੀ, ਟਰਾਂਸਪੋਰਟ, ਅਸਟੇਟ, ਲਾਇਬਰੇਰੀ, ਡਿਸਪੈਂਸਰੀ ਅਤੇ ਵਿੱਤ ਅਫਸਰ।

31.3.20

ਰਜਿਸਟਰਾਰ